# ਆਮ ਆਦਮੀ ਪਾਰਟੀ ਵੱਲੋਂ ਅਕਾਲੀ ਦਲ ਨੂੰ ਵੱਡਾ ਝਟਕਾ

## ਆਲ ਇੰਡੀਆ ਯੂਥ ਅਕਾਲੀ ਦਲ ਦੇ ਜਨਰਲ ਸਕੱਤਰ ਜੱਜਜੀਤ ਸਿੰਘ 400 ਅਕਾਲੀ ਵਰਕਰ ਸਮੇਤ ਆਪ 'ਚ ਸ਼ਾਮਿਲ

ਚੰਡੀਗੜ੍ਹ/ ਧੰਨਵਾਦ ਸਹਿਤ: ਪੰਜਾਬ ਗਾਰਡੀਅਨ

ਆਮ ਆਦਮੀ ਪਾਰਟੀ ਨੇ ਅਕਾਲੀ ਦਲ ਨੂੰ ਵੱਡਾ ਝਟਕਾ ਦਿੱਤਾ ਹੈ। ਆਲ ਇੰਡੀਆ ਯੂਥ ਅਕਾਲੀ ਦਲ ਦੇ ਜਨਰਲ ਸਕੱਤਰ ਜੱਜਜੀਤ ਸਿੰਘ ਸਮੇਤ 400 ਅਕਾਲੀ ਵਰਕਰ ਆਪ 'ਚ ਸ਼ਾਮਿਲ ਹੋ



ਗਏ। ਜਜਜੀਤ ਸਿੰਘ ਨੇ ਕਿਹਾ ਕਿ 2012 'ਚ ਯੂਥ ਅਕਾਲੀ ਦਲ ਦੇ ਜਨਰਲ ਸਕੱਤਰ ਬਣੇ ਸਨ, ਲੇਕਿਨ ਉਹ ਪਾਰਟੀ ਦੀਆਂ ਗਤੀਵਿਧੀਆਂ ਤੋਂ ਖ਼ੁਸ਼ ਨਹੀਂ ਸਨ। ਕਈ ਵਾਰ ਡਿਪਟੀ ਸੀ.ਐਮ. ਸੁਖਬੀਰ ਬਾਦਲ ਨੂੰ ਕਿਹਾ ਪਰ ਕਿਸੇ ਨੇ ਨਹੀਂ ਸੁਣੀ। ਇਸ ਕਾਰਨ ਉਹ ਆਪ 'ਚ ਸ਼ਾਮਿਲ ਹੋ ਗਏ।

## ਹੁਣ ਅਕਾਲੀਆਂ ਦਾ ਅੰਤ ਤੈਅ ਕਿਉਂਕਿ ਹਰ ਵਰਗ ਇਨਾਂ ਤੋਂ ਦੁਖੀ ਹੈ ਤੇ ਇਨਾਂ ਨੇ ਤਾਂ ਧਰਮਾਂ ਤੱਕ ਨੂੰ ਵੀ ਨਹੀ ਬਖਸ਼ਿਆ - ਕੈਪਟਨ ਅਮਰਿੰਦਰ ਸਿੰਘ

ਅੰਮਿਤਸਰ / ਐਮ.ਐਸ.ਨਿਓਜ਼.ਬਿਓਰੋ.

ਸਾਲ 2017 ਵਿਚ ਹੋਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਲਈ ਪੰਜਾਬ ਦੇ ਲੋਕਾਂ ਕੋਲ ਕੇਵਲ ਕਾਂਗਰਸ ਹੀ ਇਕੋ ਇਕ ਬਦਲ ਹੈ, ਕਿਉਂਕਿ ਜਿਥੇ ਪੰਜਾਬ 'ਚ ਸੱਤਾਧਾਰੀ ਅਕਾਲੀ ਦਲ ਹਰੇਕ ਮੁਹਾਜ਼ 'ਤੇ ਫੇਲ੍ਹ ਹੋਣ ਮਗਰੋਂ ਪੰਜਾਬ 'ਚ



ਅਸ਼ਾਂਤੀ ਦਾ ਹਊਆ ਖੜ੍ਹਾ ਕਰਨ ਦੀ ਚਾਲ 'ਚ ਸਫ਼ਲ ਨਾ ਹੋ ਕੇ ਖੁਦ ਢਹਿ ਗਿਆ ਅਤੇ ਹੁਣ ਅਕਾਲੀਆਂ ਦਾ ਅੰਤ ਤੈਅ ਹੈ ਕਿਉਂਕਿ ਹਰ ਵਰਗ ਇਨਾਂ ਤੋਂ ਦੁਖੀ ਹੈ ਤੇ ਇਨਾਂ ਨੇ ਤਾਂ ਧਰਮਾਂ ਤੱਕ ਨੂੰ ਵੀ ਨਹੀ ਬਖਸ਼ਿਆ। ਇਹ ਵਿਚਾਰ ਪੰਜਾਬ ਪ੍ਰਦੇਸ਼ ਕਾਂਗਰਸ ਦੇ ਨਵੇਂ ਐਲਾਨੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਇਥੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਣ ਪਿਛੋਂ ਪੱਤਰਕਾਰ ਸੰਮੇਲਨ ਦੌਰਾਨ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਅਕਾਲੀ ਸਰਕਾਰ ਲੋਕ ਰੋਹ ਤੋਂ ਬਚਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਜਿਹੇ ਦੁਖਾਂਤਾਂ ਦੀ ਸਾਜਿਸ਼ ਤਹਿਤ ਬਖੇੜੇ ਖੜ੍ਹੇ ਕਰ ਰਹੀ ਹੈ। ਉਨ੍ਹਾਂ ਬਰਗਾੜੀ ਕਾਂਡ ਦੀ ਜਾਂਚ ਤੋਂ ਪੁਲਿਸ ਗੋਲੀਬਾਰੀ ਦੇ ਮਾਮਲੇ ਨੂੰ ਬਾਹਰ ਰੱਖਣ ਦਾ ਵਿਰੋਧ ਕਰਦਿਆਂ ਕਿਸੇ ਮੌਜੂਦਾ ਸੀਨੀਅਰ ਜੱਜ ਕੋਲੋਂ ਸਮੁੱਚੇ ਘਟਨਾਕ੍ਰਮ ਦੀ ਜਾਂਚ ਕਰਵਾਉਣ ਦੀ ਲੋੜ ਦੱਸੀ। ਉਨ੍ਹਾਂ ਕਿਹਾ ਕਿ ਉਕਤ ਪਾਰਟੀ ਬੇਸ਼ੱਕ ਲੋਕ ਸਭਾ ਚੋਣ ਮੌਕੇ ਸਰਕਾਰ ਵਿਰੋਧੀ ਲਹਿਰ ਦਾ ਲਾਭ ਲੈ ਗਈ ਪਰ ਮੌਜੂਦਾ ਸਥਿਤੀ 'ਚ ਚੋਣ ਲੜਨ ਲਈ ਉਨ੍ਹਾਂ ਕੋਲ ਸੂਬੇ 'ਚ ਕੋਈ ਠੋਸ ਅਗਵਾਈ ਜਾਂ ਨੀਤੀਆਂ ਨਹੀਂ ਹਨ ਅਤੇ ਪਾਰਟੀ ਦੇ ਚਾਰ ਲੋਕ ਸਭਾ ਮੈਂਬਰ ਵੀ ਪਾਟੋ ਧਾੜ ਹੋ ਕੇ ਅੱਡੋ ਅੱਡ ਧੜੇ ਬਣਾ ਕੇ ਬੈਠੇ ਹੋਏ ਹਨ।

## ਅੰਮ੍ਰਿਤਸਰ ਹਵਾਈ ਅੱਡੇ 'ਤੇ ਮਿਲੇਗਾ ਮੁਫ਼ਤ ਵਾਈ-ਫਾਈ

ਅੰਮ੍ਰਿਤਸਰ ਧੰਨਵਾਦ ਸਹਿਤ: ਏ.ਬੀ.ਪੀ ਸਾਂਝਾ

ਗੁਰੂ ਨਗਰੀ ਵਿੱਚ ਸਥਿਤ ਸ੍ਰੀ ਗੁਰੂ ਰਾਮ ਦਾਸ ਕੌਮਾਂਤਰੀ




ਹਵਾਈ ਅੱਡੇ 'ਤੇ ਆਉਣ ਵਾਲੇ ਅੰਤਰਾਸ਼ਟਰੀ ਯਾਤਰੀ ਹੁਣ ਮੁਫ਼ਤ ਵਾਈ-ਫਾਈ ਸੇਵਾ ਦਾ ਆਨੰਦ ਲੈ ਸਕਦੇ ਹਨ। ਇਸ ਸੇਵਾ ਦੀ ਸ਼ੁਰੂਆਤ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਰਵੀ ਭਗਤ ਵੱਲੋਂ ਕਰ ਦਿੱਤੀ ਗਈ ਹੈ।

ਇਸ ਸੇਵਾ ਦੀ ਸ਼ੁਰੂਆਤ ਕਰਨ ਮਗਰੋਂ ਡੀ.ਸੀ ਰਵੀ ਭਗਤ ਨੇ ਕਿਹਾ ਕਿ ਇਹ ਸੇਵਾ ਇਥੇ ਆਉਣ ਵਾਲੇ ਯਾਤਰੀਆਂ ਅਤੇ ਖਾਸ ਕਰਕੇ ਵਿਦੇਸ਼ੀ ਸੈਲਾਨੀਆਂ ਲਈ ਬਹੁਤ ਹੀ ਲਾਹੇਵੰਦ ਸਾਬਤ ਹੋਵੇਗੀ। ਇਸ ਤੋਂ ਪਹਿਲਾਂ ਇਹ ਸੇਵਾ ਸਿਰਫ਼ ਸਥਾਨਕ ਯਾਤਰੀਆਂ ਲਈ ਹੀ ਉਪਲਬਧ ਕੀਤੀ ਗਈ ਸੀ। ਪੰਜਾਬ ਟੂਰਿਜ਼ਮ ਵਿਭਾਗ ਵੱਲੋਂ ਇਸ ਪਹਿਲ ਲਈ ਵਿਸ਼ੇਸ਼ ਸਹਿਯੋਗ ਦਿੱਤਾ ਗਿਆ ਹੈ।

ਰਵੀ ਭਗਤ ਨੇ ਦੱਸਿਆ ਕਿ ਇਸ ਕੌਮਾਂਤਰੀ ਹਵਾਈ ਅੱਡੇ ਤੇ ਹਰ ਮਹੀਨੇ ਕਰੀਬ 25000 ਅੰਤਰਾਸ਼ਟਰੀ ਯਾਤਰੀ ਆਉਂਦੇ ਹਨ, ਜੋ ਹੁਣ ਇਸ ਹਵਾਈ ਅੱਡੇ ਤੇ ਇਸ ਮੁਫ਼ਤ ਸੇਵਾ ਦਾ ਲਾਭ ਉਠਾ ਸਕਣਗੇ। ਹਵਾਈ ਅੱਡੇ ਦੇ ਡਾਇਰੈਕਟਰ ਵੈਂਕਟੇਸ਼ਵਰ ਰਾਓ ਨੇ ਕਿਹਾ ਕਿ ਇਸ ਲਈ ਕਨੈਕਸ਼ਨ ਇਨਫਾਰਮੈਟਿਕਸ ਪ੍ਰਾਈਵੇਟ ਲਿਮਟਿਡ ਦੇ ਨਾਲ ਕਰਾਰ ਕੀਤਾ ਗਿਆ ਹੈ, ਜਿਸ ਨੇ ਅੰਤਰਰਾਸ਼ਟਰੀ ਯਾਤਰੀਆਂ ਲਈ ਹਵਾਈ ਅੱਡੇ 'ਤੇ ਅਜਿਹਾ ਜਾਲ ਵਿਛਾ ਦਿੱਤਾ ਕਿ ਉਹ ਜਹਾਜ਼ ਤੋਂ ਉਤਰਦਿਆਂ ਹੀ ਹਵਾਈ ਅੱਡੇ 'ਤੇ ਵਾਈਫਾਈ ਪ੍ਰਣਾਲੀ ਨਾਲ ਆਪਣੇ ਦੋਸਤਾਂ-ਰਿਸ਼ਤੇਦਾਰਾਂ ਨਾਲ ਜੁੜੇ ਰਹਿ ਸਕਣਗੇ।

## ਕੈਪਟਨ ਇਕ ਬੁਢੇ ਸ਼ੇਰ ਤੋਂ ਵਧ ਕੁਝ ਵੀ ਨਹੀ ਅਤੇ ਉਹ ਅਕਾਲੀ ਦਲ ਲਈ ਕੋਈ ਚੁਣੌਤੀ ਨਹੀਂ ਹੈ - ਸੁਖਬੀਰ ਬਾਦਲ

ਮੋਗਾ / ਮਨਜੀਤ ਸਿੰਘ ਸਰਾਂ

ਸ਼੍ਰੋਮਣੀ ਅਕਾਲੀ ਦਲ ਦੀ ਮੋਗਾ ਸਦਭਾਵਨਾ ਰੈਲੀ 'ਚ ਉੱਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਨੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਨਵੇਂ ਚੁਣੇ ਗਏ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਬਾਰੇ ਬੋਲਦੇ ਕਿਹਾ ਕਿ ਹੁਣ ਬੁਢੇ ਸ਼ੇਰ 'ਚ ਦਮ ਕਿਥੇ ਕਿ ਓਹ



ਅਕਾਲੀ ਦਲ ਦਾ ਮੁਕਾਬਲਾ ਕਰ ਸਕੇ। ਉਨ੍ਹਾਂ ਨੇ ਕਿਹਾ ਕਿ ਕੈਪਟਨ ਨੂੰ 2017 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ 'ਚ ਲਗਾਤਾਰ ਤੀਸਰੀ ਵਾਰ ਵੀ ਹਾਰ ਦਾ ਮੂੰਹ ਦੇਖਣਾ ਪਵੇਗਾ। ਉਨ੍ਹਾਂ ਨੇ ਦਾਅਵਾ ਕੀਤਾ ਕਿ ਸ਼੍ਰੋਮਣੀ ਅਕਾਲੀ ਦਲ ਪੰਜਾਬ 'ਚ 25 ਸਾਲ ਪੂਰੇ ਕਰੇਗੀ ਅਤੇ ਕਾਂਗਰਸ ਆਪਸ 'ਚ ਜੁਤਿਓ ਜੁਤੀ ਹੁੰਦੀ ਰਹੇਗੀ। ਉਨ੍ਹਾਂ ਨੇ ਕਿਹਾ ਕਿ ਇਤਹਾਸ ਗਵਾਹ ਹੈ ਕਿ ਕਾਂਗਰਸ ਨੇ ਹਮੇਸ਼ਾਂ ਪੰਜਾਬ ਦਾ ਬੇੜਾ ਗਰਕ ਹੀ ਕੀਤਾ ਹੈ ਤੇ ਅਕਾਲੀ ਦਲ ਨੇ ਲੋਕਾਂ ਦਾ ਦੁਖ ਸੁਖ ਵੰਡਾਇਆ, ਇਸ ਲਈ ਲੋਕ ਇਕ ਵਾਰ ਫਿਰ ਕਾਂਗਰਸ ਨੂੰ ਪੂਰੀ ਤਰ੍ਹਾਂ ਨਕਾਰ ਦੇਣਗੇ।

## ਇਕ ਕਨਾਲ ਚੋਂ 42 ਕਿੱਲਿਆਂ ਦੀ ਆਮਦਨ ਲੈਣ ਵਾਲਾ ਕਿਸਾਨ

ਚੰਡੀਗੜ੍ਹ/ਧੰਨਵਾਦ ਸਹਿਤ: ਏ.ਬੀ.ਪੀ ਸਾਂਝਾ

ਕੀ ਤੁਸੀਂ ਇਕ ਕਨਾਲ ਚੋਂ 42 ਕਿੱਲਿਆਂ ਦੀ ਆਮਦਨ ਲੈਣ ਬਾਰੇ ਸੁਣਿਆ



ਹੈ, ਸ਼ਾਇਦ ਨਹੀਂ ਸੁਣਿਆ ਹੋਵੇਗਾ..ਜੀਂ ਹਾਂ ਇਹ ਆਮਦਨ ਲੈ ਰਿਹਾ ਹੈ ਰੋਪੜ ਜਿਲ੍ਹੇ ਦੇ ਪਿੰਡ ਕਿਸ਼ਨਪੁਰਾ ਦਾ ਕਿਸਾਨ ਦਲਵਿੰਦਰ ਸਿੰਘ। ਤਹਾਨੂੰ ਜਾਣਕੇ ਹੈਰਾਨੀ ਹੋਵੇਗੀ ਕਿ ਦਲਵਿੰਦਰ ਸਿੰਘ ਇਹ ਆਮਦਨ ਖੇਤੀ ਤੋਂ ਨਹੀਂ ਬਲਕਿ ਸੂਰ ਪਾਲਣ ਦੇ ਕਿੱਤੇ ਤੋਂ ਪ੍ਰਾਪਤ ਕਰ ਰਿਹਾ ਹੈ।

ਅਸਲ ਵਿਚ ਦਲਵਿੰਦਰ ਸਿੰਘ ਨੇ ਇਕ ਕਨਾਲ ਵਿਚ 25 ਸੂਰੀਆਂ ਰੱਖੀਆਂ ਹੋਈਆਂ ਹਨ। ਇਹ ਸੂਰੀਆਂ ਸਾਲ 500 ਦੇ ਕਰੀਬ ਬੱਚੇ ਪੈਦਾ ਕਰਦੀਆਂ ਹਨ ਪਰ ਅੰਤ ਵਿਚ 400 ਦੇ ਕਰੀਬ ਬੱਚੇ ਹੀ ਜਉਂਦੇ ਰਹਿੰਦੇ ਨੇ। ਇਕ ਬੱਚੇ ਨੂੰ 7 ਮਹੀਨੇ ਦਾ ਕਰਕੇ ਘੱਟ ਤੋਂ ਘੱਟ 8 ਹਜਾਰ ਰੁ. ਵਿਚ ਵੇਚਿਆ ਜਾਂਦਾ ਹੈ। ਇਸ ਹਿਸਾਬ ਨਾਲ ਚਾਰ 400 ਬੱਚਿਆ ਦੀ ਵਿਕਰੀ 32 ਲੱਖ ਵਿਚ ਹੋਈ। ਇਸ ਤਰ੍ਹਾਂ 32 ਲੱਖ ਰੁ.ਹੀ 42 ਏਕੜ ਦੀ ਕਮਈ ਦੇ ਬਰਾਬਰ ਹੈ। ਉਸਦੇ ਫਾਰਮ ਵਿਚ ਕਨੇਡਾ ਦੀ ਚੰਗੀ ਨਸਲ ਦੇ ਸੂਰ ਰੱਖੇ ਜਾਂਦੇ ਹਨ। ਇਹ ਚਿੱਟਾ ਯਾਰਕਸ਼ਾਇਰ ਨਸਲ ਦੇ ਸੂਰ ਹੰਦੇ ਨੇ। ਇਹ ਨਸਲ ਚਿੱਟੇ ਰੰਗ ਦੀਆਂ ਜ਼ਿਆਦਾ ਬੱਚੇ ਪੈਦਾ ਕਰਨ ਵਾਲੀਆਂ ਤੇ ਸਾਡੇ ਵਾਤਾਵਰਨ ਵਿਚ ਚੰਗੀਆਂ ਪਲ ਸਕਦੀਆਂ ਹਨ। ਇਹ ਸਾਫ-ਸੁਥਰੇ ਵਾਤਾਵਰਣ ਵਿਚ ਰਹਿਣਾ ਪਸੰਦ ਕਰਦੇ ਨੇ ਤੇ ਇਨ੍ਹਾਂ ਨੂੰ ਬਿਮਾਰੀਆਂ ਵੀ ਨਾਮਾਤਰ ਹੀ ਲੱਗਦੀਆਂ ਹਨ। ਦਲਵਿੰਦਰ ਸਿੰਘ ਮੁਤਾਬਕ ਸੂਰ ਪਾਲਣ ਦੇ ਕਿੱਤੇ ਵਿਚ ਮੰਡੀਕਰਨ ਦੀ ਕੋਈ ਦਿੱਕਤ ਨਹੀਂ ਆਉਂਦੀ ਹੈ। ਸ਼ਹਿਰਾਂ ਵਿਚ ਸੂਰਾਂ ਦੀ ਚੰਗੀ ਖਪਤ ਹੋ ਜਾਂਦੀ ਹੈ। ਇਸ ਤੋਂ ਇਲਾਵਾ ਨਾਗਾਲੈਂਡ ਦੇ ਵਪਾਰੀ ਵੀ ਉਨ੍ਹਾਂ ਦੇ ਫਾਰਮ ਤੋਂ ਸਿੱਧੇ ਹੀ ਖ਼ੀਦਦਾਰੀ ਕਰਦੇ ਹਨ। ਇਸ ਪਿੱਗੀ ਫਾਰਮ ਸਬੰਧੀ ਕਿਸਾਨ ਦਲਵਿੰਦਰ ਸਿੰਘ ਨੇ ਦੱਸਿਆ ਕਿ ਉਸ ਨੇ 2011 ਵਿਚ ਇਹ ਸੂਰ ਪਾਲਣ ਦਾ ਧੰਦਾ ਗੁਰੂ ਅੰਗਦ ਦੇਵ ਵੈਟਰਨਰੀ ਐਂਡ ਐਨੀਮਲ ਯੂਨੀਵਰਸਿਟੀ ਤੋਂ ਕੋਰਸ ਕਰਨ ਉਪਰੰਤ ਸ਼ੁਰੂ ਕੀਤਾ ਸੀ। ਸੂਰ ਪਾਲਣ ਦੇ ਕਿੱਤੇ ਨੇ ਦਲਵਿੰਦਰ ਸਿੰਘ ਦੀ ਜਿੰਦਗੀ ਹੀ ਬਦਲ ਦਿੱਤੀ ਹੈ। ਉਸ ਕੋਲ ਜਿੰਦਗੀਆਂ ਦੀਆਂ ਸਾਰੀਆਂ ਸਹੂਲਤਾਂ ਨੇ। ਇੰਨ੍ਹਾਂ ਹੀ ਨਹੀਂ ਉਸ ਤੇ ਦੂਜੇ ਕਿਸਾਨਾਂ ਵਾਂਗ ਨਾ ਤਾਂ ਬੈਂਕ ਦਾ ਕੋਈ ਲੋਨ ਹੈ ਤੇ ਨਾ ਹੀ ਅੜ੍ਹਤੀਏ ਦਾ ਕਰਜ਼ਾ ਹੈ। ਦਲਵਿੰਦਰ ਸਿੰਘ ਪੰਜਾਬ ਦੀ ਕਰਜ਼ਈ ਛੋਟੀ ਕਿਸਾਨੀ ਲਈ ਵੱਡੀ ਉਦਹਾਰਨ ਹੈ। ਉਨ੍ਹਾਂ ਕਿਹਾ ਕਿ ਭਾਵੇਂ ਸਾਡੇ ਸਮਾਜ ਵਿਚ ਇਸ ਧੰਦੇ ਨੂੰ ਛੋਟੀਆਂ ਜਾਤਾਂ ਦਾ ਧੰਦਾ ਮੰਨਿਆ ਜਾਂਦਾ ਰਿਹਾ ਹੈ, ਪਰ ਸਾਡੇ ਹੀ ਨੌਜਵਾਨ ਬਾਹਰਲੇ ਦੇਸ਼ਾਂ ਵਿੱਚ ਜਾ ਕੇ ਸੂਰ ਫਾਰਮਾਂ 'ਚ ਕੰਮ ਕਰਦੇ ਹਨ। ਸੂਰ ਪਾਲਣ ਦੇ ਕਿੱਤੇ ਵਿਚ ਮੱਲਾ ਮਾਰਨ ਵਾਲੇ ਕਿਸਾਨ ਦਲਵਿੰਦਰ ਸਿੰਘ ਪੰਜਾਬ ਸਰਕਾਰ ਨੇ ਕਈ ਸੂਬਾ ਪੱਧਰੀ ਸਨਮਾਨਾਂ ਨਾਲ ਸਨਮਾਨਤ ਕੀਤਾ ਹੈ। ਸਰਕਾਰ ਨੇ ਉਸਨੂੰ ਪਿਗਰੀ ਬੋਰਡ ਦਾ ਮੈਂਬਰ ਵੀ ਨਾਮਜ਼ਦ ਕੀਤਾ ਗਿਆ ਹੈ। ਇਸ ਤੋਂ ਇਲਾਵਾ ਉਹ ਪੰਜਾਬ ਦੀ ਪ੍ਰੋਗਰੇਸਿਵ ਪਿਗਰੀ ਐਸੋਸੀਏਸ਼ਨ ਵਿੱਚ ਵੀ ਜਨਰਲ ਸਕੱਤਰ ਦੇ ਤੌਰ 'ਤੇ ਸੇਵਾਵਾਂ ਨਿਭਾਅ ਰਹੇ ਹਨ। ਪੰਜਾਬ ਸਰਕਾਰ ਵੱਲੋਂ ਸੂਰ ਪਾਲਣ ਦੇ ਕਿੱਤਾ ਸ਼ੁਰੂ ਕਰਨ ਲਈ 6 ਲੱਖ ਦੇ ਲੋਨ 'ਤੇ 25 ਫੀਸਦੀ ਸਬਸਿਡੀ ਦਿੰਦੀ ਹੈ।

# ਤਸਵੀਰਾਂ ਬੋਲਦੀਆਂ













ਕਾਂਗਰਸ ਰੈਲੀ, ਬਠਿੰਡਾ

